# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਬਠਿੰਡਾ

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ/ਸਕੂਲ ਮੁਖੀ,

ਸਮੂਹ ਸਰਕਾਰੀ/ਏਡਿਡ/ਆਦਰਸ਼/ਪ੍ਰਾਇਵੇਟ/ਮੈਰੀਟੋਰੀਅਸ ਸਕੂਲ,

ਬਠਿੰਡਾ।

ਪੱਤਰ ਨੰ:ਐਮ.ਆਈ.ਐਸ./ਯੂ-ਡਾਈਸ 2024-25/2024264969 ਮਿਤੀ: 09-10-2024

**ਵਿਸ਼ਾ:- ਯੂ-ਡਾਈਸ 2024-25 ਸਟਾਫ, Profile , ਵਿਦਿਆਰਥੀ ਡਾਟਾ ਮਿਤੀ 11-10-2024 ਤੱਕ ਕੰਪਲੀਟ ਕਰਨ ਸਬੰਧੀ।**

ਸ੍ਰੀਮਾਨ ਜੀ,

ਉਕਤ ਵਿਸ਼ੇ ਦੇ ਸਬੰਧੀ ਵਿੱਚ ਲਿਖਿਆ ਜਾਂਦਾ ਹੈ ਕਿ ਹਰ ਸਾਲ ਦੀ ਤਰਾਂ ਯੂ-ਡਾਈਸ 2024-25 ਦੇ ਆਨਲਾਈਨ ਸਾਰੇ ਮੋਡਿਊਲ ਓਪਨ ਹਨ। ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਯੂ-ਡਾਈਸ ਇਕ ਸਮਾਂਬੱਧ ਕੰਮ ਹੁੰਦਾ ਹੈ ਜਿਸ ਦੇ ਅਧਾਰ ਤੇ ਭਾਰਤ ਸਰਕਾਰ ਵੱਲੋਂ ਪਲਾਨ ਤਿਆਰ ਕੀਤਾ ਜਾਣਾ ਹੁੰਦਾ ਹੈ। ਸੋ ਇਸ ਪੋਰਟਲ ਤੇ ਸਾਰੇ ਹੀ ਮੋਡਿਊਲ (Profile and Facility, Teacher, Student) ਵਿੱਚ ਡਾਟਾ ਮਿਤੀ 11-10-2024 ਤੱਕ ਹਰ ਹਾਲਤ ਵਿੱਚ ਅਪਡੇਟ ਕਰਕੇ ਕੰਪਲੀਟ ਕੀਤਾ ਜਾਵੇ। ਡਾਟਾ ਕੰਪਲੀਟ ਨਾ ਕਰਨ ਦੀ ਸੂਰਤ ਵਿੱਚ ਸਕੂਲ ਮੁਖੀ ਨਿਜੀ ਰੂਪ ਵਿੱਚ ਪੇਸ਼ ਹੋ ਕੇ ਨਿਮਨਹਤਾਖਰੀ ਦੇ ਦਫਤਰ ਵਿਖੇ ਆਪਣਾ ਸਪੱਸ਼ਟੀਕਰਨ ਦੇਣਗੇ।

**ਵਿਸ਼ੇਸ਼ ਨੋਟ: ਵਿਦਿਆਰਥੀ ਡਾਟਾ ਦੇ ਸਬੰਧ ਵਿੱਚ GP, EP, FP ਮੋਡਿਊਲ ਓਪਨ ਕਰ ਦਿੱਤੇ ਗਏ ਹਨ, ਵਿਦਿਆਰਥੀ ਡਾਟਾ ਤੁਰੰਤ ਅਪਡੇਟ ਕਰ ਦਿੱਤਾ ਜਾਵੇ। ਇਸ ਤੋ ਇਲਾਵਾ ਕੁਝ ਸਕੂਲਾਂ ਵੱਲੋਂ ਸਕੂਲ ਛੱਡ ਕੇ ਜਾ ਚੁੱਕੇ ਵਿਦਿਆਰਥੀਆਂ ਦੇ ਟਰਾਸਫਰ ਸਰਟੀਫਿਕੇਟ ਜਾਰੀ ਨਹੀ ਕੀਤੇ ਗਏ ਜਿਸ ਨਾਲ ਸਬੰਧਤ ਸਕੂਲਾਂ ਨੂੰ ਡਾਟਾ ਇੰਪੋਰਟ ਕਰਨ ਵਿੱਚ ਸਮੱਸਿਆ ਆ ਰਹੀ ਹੈ। ਇਸ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਸ ਸਕੂਲ ਵਿੱਚ ਮੌਜੂਦਾ ਸਮੇਂ ਵਿਦਿਆਰਥੀ ਪੜ ਰਿਹਾ ਹੈ ਉਸੇ ਹੀ ਸਕੂਲ ਦੇ ਯੂ-ਡਾਈਸ ਵਿੱਚ ਵਿਦਿਆਰਥੀ ਦੀ ਐਂਟਰੀ ਯਕੀਨੀ ਬਣਾਈ ਜਾਵੇ। ਬਿਨਾਂ ਕਾਰਨ ਟਰਾਂਸਫਰ ਸਰਟੀਫਿਕੇਟ ਜਾਰੀ ਨਾ ਕਰਨ ਵਾਲੇ ਸਕੂਲ ਮੁਖੀ ਇਸ ਸਬੰਧੀ ਜਿਮੇਵਾਰ ਹੋਣਗੇ। ਕਿਸੇ ਤਕਨੀਕੀ ਸਹਾਇਤਾ ਲਈ ਐਮ.ਆਈ.ਐਸ. ਵਿੰਗ ਬਠਿੰਡਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।**

ਨਾਲ ਨੱਥੀ: ਯੂ-ਡਾਈਸ ਰਿਪੋਰਟ ਸਕੂਲ ਵਾਈਜ

09/10/24

09/10/24

**ਜਿਲ੍ਹਾ ਸਿੱਖਿਆ ਅਫਸਰ(ਐ.ਸਿ.)**
**ਬਠਿੰਡਾ**

**ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)**
**ਬਠਿੰਡਾ**

ਉਪਰੋਕਤ ਦਾ ਉਤਾਰਾ ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਅਤੇ ਡੀ.ਐਮ. ਐਮ.ਆਈ.ਐਸ ਵਿੰਗ (ਮੁੱਖ ਦਫਤਰ ਵਿੱਖੇ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਜਿਲ੍ਹਾ ਸਿੱਖਿਆ ਅਫਸਰ(ਐ.ਸਿ.)**
**ਬਠਿੰਡਾ**

**ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)**
**ਬਠਿੰਡਾ**